ਬਾ ਹੁਕਮ

ਨਿੱਜੀ ਸਕੱਤਰ,
ਸਥਾਨਕ ਸਰਕਾਰ ਮੰਤਰੀ, ਪੰਜਾਬ

ਵਾ ਵਿਖੇ,

ਪ੍ਰਿੰਸੀਪਲ ਸਕੱਤਰ,
ਸਥਾਨਕ ਸਰਕਾਰ,
ਪੰਜਾਬ, ਚੰਡੀਗੜ੍ਹ.

ਵਿਸ਼ਾ:- 290-120= 170 ਫੁੱਟ ਗਲੀ ਦੇ ਘਰਾਂ ਨੂੰ ਸੀਵਰੇਜ਼ ਸਹੂਲਤ ਦੇਣ ਬਾਰੇ।

ਸ਼੍ਰੀਮਾਨ ਜੀ,

ਨਿਮਰਤਾ ਸਹਿਤ ਬੇਨਤੀ ਹੈ ਕਿ ਅਸੀਂ ਸ਼ਹੀਦ ਭਗਤ ਸਿੰਘ ਨਗਰ, ਧਾਂਦਰਾਂ ਰੋਡ, ਗਲੀ ਨੰ: 19/3 ਦੇ ਵਸਨੀਕ ਹਾਂ। ਸਰਪੰਚ/ਚੇਅਰਮੈਨ (ਵਾਟਰ ਸਪਲਾਈ ਅਤੇ ਸੈਨੀਟੇਸ਼ਨ ਕਮੇਟੀ) ਸ੍ਰ: ਬਹਾਦਰ ਸਿੰਘ ਮੋਬਾਇਲ ਨੰ: 98554-00863 ਵੱਲੋਂ ਸ਼ਹੀਦ ਭਗਤ ਸਿੰਘ ਨਗਰ ਦੇ ਪੰਚਾਇਤ ਮੈਂਬਰ/ਕਮੇਟੀ ਮੈਂਬਰ ਅਤੇ ਉਹਨਾਂ ਦੇ ਖਾਸ ਲੋਕਾਂ ਨੂੰ ਹੀ ਸੀਵਰੇਜ ਸਹੂਲਤ ਦਿੱਤੀ ਗਈ ਹੈ। ਸਾਡੀ ਗਲੀ ਵਿੱਚ ਪਹਿਲੇ ਛੇ ਖਾਸ ਲੋਕਾਂ ਦੇ ਘਰਾਂ ਨੂੰ ਸੀਵਰੇਜ ਸਪਲਾਈ ਦਿੱਤੀ ਗਈ ਹੈ ਅਤੇ ਬਾਕੀ ਦੇ 13 ਘਰਾਂ ਨੂੰ ਜਿਸ ਵਿੱਚ ਆਮ ਲੋਕ, ਸਾਬਕਾ ਸੈਨਿਕ ਅਤੇ ਵਿਧਵਾ ਔਰਤਾਂ ਦੇ ਘਰ ਹਨ ਸੀਵਰੇਜ ਸਪਲਾਈ ਤੋਂ ਸੱਖਣੇ ਹਨ। ਇਸ ਬਾਬਤ ਇੱਕ ਦਰਖਾਸਤ ਮਿਤੀ 20.04.2017 ਨੂੰ ਬੀ.ਡੀ.ਪੀ.ਓ, ਪੀ.ਏ.ਯੂ. ਕੰਪਲੈਕਸ, ਲੁਧਿਆਣਾ ਨੂੰ ਦਿੱਤੀ ਗਈ ਅਤੇ ਇਸ ਤੋਂ ਬਾਅਦ 29.12.2017 ਨੂੰ ਤੀਜਾ ਯਾਦ ਪੱਤਰ ਬੀ.ਡੀ.ਪੀ.ਓ, ਪੀ.ਏ.ਯੂ. ਕੰਪਲੈਕਸ, ਲੁਧਿਆਣਾ ਨੂੰ ਦਿੱਤਾ ਗਿਆ। ਜਿਸ ਤੇ ਅੱਜ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ।

ਇਸ ਮੁਹੱਲੇ ਵਿੱਚ ਗੁਰਦੁਆਰਾ ਗੁਰੂ ਨਾਨਕ ਦਰਸ਼ਨ ਸਾਹਿਬ ਜੀ, ਸ਼ਹੀਦ ਭਗਤ ਸਿੰਘ ਨਗਰ, ਧਾਂਦਰਾਂ ਰੋਡ, ਲੁਧਿਆਣਾ ਸਥਾਪਿਤ ਹੈ। ਇਸ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਜਿਸ ਨੂੰ ਸਰਪੰਚ ਦਾ ਸਹਿਯੋਗ ਪ੍ਰਾਪਤ ਹੈ ਵੱਲੋਂ ਸਪੀਕਰਾਂ ਦੀ ਅਵਾਜ ਬਹੁਤ ਉੱਚੀ ਹੈ, ਜਿਸ ਦੇ ਨਾਲ ਬਜੁਰਗ, ਬਿਮਾਰਾਂ ਦੀ ਸਿਹਤ ਅਤੇ ਬੱਚਿਆਂ ਦੀ ਪੜਾਈ ਤੇ ਬੁਰਾ ਅਸਰ ਪੈ ਰਿਹਾ ਹੈ। ਇਸ ਬਾਰੇ ਵੀ ਲੋੜੀਂਦੀ ਕਾਰਵਾਈ ਕੀਤੀ ਜਾਵੇ ਜੀ।

ਆਪ ਜੀ ਦਾ ਸ਼ੁਭਚਿੰਤਕ

ਜੋਰਾ ਸਿੰਘ

ਮਿਤੀ: 1.6.2018

ਜੋਰਾ ਸਿੰਘ (ਸਾਬਕਾ ਸੈਨਿਕ)
ਮੋਬਾਇਲ ਨੰ: 94178-16106
ਵਿਧਵਾ ਔਰਤਾਂ
1. ਹਰਪ੍ਰੀਤ ਕੌਰ
2. ਰਾਣੀ

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਭੇਜਿਆ ਜਾਂਦਾ ਹੈ ਜੀ:-

1. ਮੁੱਖ ਮੰਤਰੀ, ਪੰਜਾਬ।
2. ਮੰਤਰੀ, ਸਥਾਨਕ ਸਰਕਾਰ, ਪੰਜਾਬ।
3. ਡਿਪਟੀ ਕਮਿਸ਼ਨਰ, ਲੁਧਿਆਣਾ।
4. ਐਸ.ਡੀ.ਐਮ.(ਵੈਸਟ), ਲੁਧਿਆਣਾ।
5. ਬੀ.ਡੀ.ਪੀ.ਓ, ਪੀ.ਏ.ਯੂ. ਕੰਪਲੈਕਸ, ਲੁਧਿਆਣਾ।
6. ਪੰਚਾਇਤ ਸੈਕਟਰੀ।

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ. ਬੋਰਡ**

**ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ।**

ਪਿੱਠ ਅੰਕਣ ਨੰ: ਪਵਸਸਬ-2018/ਵ-3/ 10865 ਮਿਤੀ: 15/6/18

ਉਪਰੋਕਤ ਦੀ ਨਕਲ, ਮੁੱਖ ਇੰਜੀਨੀਅਰ (ਪੂਰਵ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਵਿਸ਼ੇ ਅੰਕਿਤ ਮਾਮਲੇ ਤੇ ਲੋੜੀਂਦੀ ਕਾਰਵਾਈ ਕਰਨ ਉਪਰੰਤ ਢੁਕਵਾਂ ਜਵਾਬ ਸਿੱਧੇ ਤੌਰ ਤੇ ਸਬੰਧਤ ਨੂੰ ਭੇਜਦੇ ਹੋਏ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ ਤਾਂ ਜੋ ਉਸ ਅਨੁਸਾਰ ਸਰਕਾਰ ਨੂੰ ਜਵਾਬ ਭੇਜਿਆ ਜਾ ਸਕੇ।

ਕਾਰਜਕਾਰੀ ਇੰਜੀਨੀਅਰ (ਵ)